SPECIMEN MATERIAL

# GCSE
# PANJABI

# H

## Higher Tier Paper 1 Listening Test Transcript

Specimen 2019 Morning Time allowed: 45 minutes
(including 5 minutes' reading time before the test)

**FOR INVIGILATOR'S USE ONLY**

**The pauses are pre-recorded for this test.**

**Advice**
This is what you should do for each item.
- After the question number is announced, there will be a pause to allow you to read the instructions and questions.
- Listen carefully to the recording and read the questions again.
- Listen to the recording again, and then answer the questions.
- When the next question is about to start you will hear a bleep like this (*).
- You may write at any time during the test.
- In **Section A** answer the questions in **English**. In **Section B** answer the questions in **Panjabi**.
- You must answer all the questions in the spaces provided. Do not write on blank pages.
- Write neatly and put down **all** the information you are asked to give.
- **You must not ask questions or interrupt during the test.**
- You now have five minutes to read through the question paper. You may make notes during this time. You may open your answer book now.
- **The test starts now.**

Once the recording has started, the Invigilator must not pause it, **at any time** as all pauses, including the five minutes' reading time, are pre-recorded.

**Section A** Questions and answers in **English**

| | | |
|---|---|---|
| **1** | **M2** | ਜਲੰਧਰ ਵਿੱਚ ਮਜ਼ਦੂਰੀ ਕਰਨ ਵਾਲੇ ਲੋਕਾਂ ਦੀ ਹਾਲਤ ਇੰਨੀ ਮਾੜੀ ਹੈ ਕਿ ਉਨ੍ਹਾਂ ਕੋਲ ਰਹਿਣ ਲਈ ਘਰ ਨਹੀਂ ਹਨ ਅਤੇ ਨਾ ਹੀ ਖਾਣ ਵਾਸਤੇ ਖਾਣਾ। |
| **2** | **F1** | ਦਿੱਲੀ ਵਿੱਚ ਬਹੁਤ ਸਾਰੇ ਲੋਕ ਵਿਹਲੇ ਹਨ ਅਤੇ ਇਨ੍ਹਾਂ ਨੂੰ ਕੋਈ ਨੌਕਰੀ ਨਹੀਂ ਮਿਲਦੀ। ਸਰਕਾਰ ਵੀ ਨੌਕਰੀ ਦੇ ਮੌਕੇ ਪੈਦਾ ਕਰਨ ਦੇ ਯਤਨ ਨਹੀਂ ਕਰਦੀ। |
| **3** | **M1** | ਲੁਧਿਆਣੇ ਵਿੱਚ ਵਿਹਲੇ ਨੌਜਵਾਨਾਂ ਵਿੱਚੋਂ ਕੁਝ ਲੁੱਟ ਖੋਹ ਕਰਨ ਲੱਗ ਪਏ ਹਨ। ਇਸ ਕਾਰਨ ਚੋਰੀਆਂ ਬਹੁਤ ਵਧ ਗਈਆਂ ਹਨ। |
| **4** | **F2** | ਇੰਡੀਆ ਦੇ ਸਾਰੇ ਵੱਡੇ ਵੱਡੇ ਸ਼ਹਿਰਾਂ ਵਿੱਚ ਸੜਕਾਂ ਦੇ ਕਿਨਾਰੇ ਝੁੱਗੀਆਂ ਵਿੱਚ ਰਹਿੰਦੇ ਲੋਕਾਂ ਕੋਲ ਪਾਣੀ ਅਤੇ ਟੌਇਲਟ ਜਾਣ ਦੀਆਂ ਸਹੂਲਤਾਂ ਵੀ ਨਹੀਂ ਹਨ। ਇਸ ਕਾਰਨ ਸੜਕਾਂ ਦੁਆਲੇ ਗੰਦਗੀ ਵਧ ਰਹੀ ਹੈ। |
| **5** | **M1** | ਦਿੱਲੀ ਜਾਣ ਵਾਲੀ ਫਲਾਈਟ ਢਾਈ ਘੰਟੇ ਲੇਟ ਹੈ।<br><br>ਜੇ ਕਿਸੇ ਯਾਤਰੀ ਨੂੰ ਭੁੱਖ ਲੱਗੀ ਹੈ ਤਾਂ ਉਹ ਕੂਪਨ ਲੈ ਕੇ ਰੈਸਟੋਰੈਂਟ ਵਿੱਚ ਮੁਫਤ ਖਾਣਾ ਖਾ ਸਕਦਾ ਹੈ।<br><br>ਯਾਦ ਰੱਖਣਾ, ਇਹ ਮੁਫਤ ਖਾਣਾ ਸਿਰਫ਼ ਉਨ੍ਹਾਂ ਯਾਤਰੀਆਂ ਲਈ ਹੈ ਜਿਨ੍ਹਾਂ ਦੀ ਫਲਾਈਟ ਦੇਰ ਨਾਲ ਜਾ ਰਹੀ ਹੈ । |
| **6** | **M2** | ਸੀਮਾ, ਤੁਸੀਂ ਜੱਟ ਤੇ ਜੂਲੀਅਟ ਫਿਲਮ ਦੇਖਣ ਗਏ ਸੀ ਇਹ ਤੁਹਾਨੂੰ ਕਿਸ ਤਰ੍ਹਾਂ ਦੀ ਲੱਗੀ ? |
| | **F2** | ਅਕਸ਼ੇ, ਮੈਨੂੰ ਇਹ ਫਿਲਮ ਬੜੀ ਦਿਲਚਸਪ ਲੱਗੀ। ਪੰਜਾਬੀ ਫਿਲਮ ਜੱਟ ਐਂਡ ਜੂਲੀਅਟ ਇੰਗਲੈਂਡ ਨਾਲੋਂ ਪੰਜਾਬ ਵਿੱਚ ਜ਼ਿਆਦਾ ਮਸ਼ਹੂਰ ਹੋਈ ਹੈ ਕਿਉਂਕਿ ਇਸ ਫਿਲਮ ਵਿੱਚ ਪੰਜਾਬੀ ਬੋਲੀ ਦੇ ਨਾਲ ਨਾਲ ਪੰਜਾਬੀ ਸਭਿਆਚਾਰ ਬੜੇ ਚੰਗੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸਾਰੀ ਦੁਨੀਆਂ ਵਿੱਚ ਵਸਦੇ ਪੰਜਾਬੀਆਂ ਨੇ ਦਲਜੀਤ ਦੁਸਾਂਝ ਦੇ ਇਸ ਵਿੱਚ ਕੀਤੇ ਕੰਮ ਦੀ ਬਹੁਤ ਕਦਰ ਕੀਤੀ ਹੈ। |
| **Example:** | **M1** | ਦਿੱਲੀ ਸ਼ਹਿਰ ਦਾ ਵਾਤਾਵਰਨ ਸਾਫ ਰੱਖਣ ਲਈ ਸਾਨੂੰ ਸਭ ਨੂੰ ਕੁਝ ਨਾ ਕੁਝ ਕਰਨ ਦੀ ਲੋੜ ਹੈ। ਜੇ ਦਿੱਲੀ ਵਿੱਚ ਰਹਿਣ ਵਾਲੇ ਸਾਰੇ ਲੋਕ ਆਉਣ ਜਾਣ ਲਈ ਆਪਣੇ ਸਾਈਕਲ, ਬੱਸਾਂ ਜਾਂ ਰੇਲ ਗੱਡੀਆਂ ਦੀ ਵਰਤੋਂ ਕਰਨ ਤਾਂ ਟਰੈਫਿਕ ਦੀ ਸਮੱਸਿਆ ਹੱਲ ਹੋ ਸਕਦੀ ਹੈ। |
| **7** | **M1** | ਪਰ ਇਹ ਤਾਂ ਸਾਡਾ ਸਭ ਦਾ ਫਰਜ਼ ਹੈ ਕਿ ਅਸੀਂ ਜਿੰਨਾ ਵੀ ਹੋ ਸਕਦਾ ਹੈ ਪਰਦਸ਼ੂਨ ਘੱਟ ਕਰਨ ਦੀ ਕੋਸ਼ਿਸ਼ ਕਰੀਏ। ਸਰਕਾਰ ਨੂੰ ਇਹ ਸਮੱਸਿਆ ਹੱਲ ਕਰਨ ਲਈ ਦਸ ਸਾਲ ਤੋਂ ਵੱਧ ਪੁਰਾਣੀਆਂ ਕਾਰਾਂ ਚਲਾਉਣ ਤੇ ਪਾਬੰਦੀ ਲਾ ਦੇਣੀ ਚਾਹੀਦੀ ਹੈ। |
| **8** | **M1** | ਸਾਨੂੰ ਸਾਰਿਆਂ ਨੂੰ ਇਹ ਵਾਅਦਾ ਕਰਨਾ ਚਾਹੀਦਾ ਹੈ ਕਿ ਆਪਣੇ ਸ਼ਹਿਰ ਦਾ ਵਾਤਾਵਰਨ ਸਾਫ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰੀਏ ਅਤੇ ਇਸ ਦੀ ਸੰਭਾਲ ਕਰੀਏ। ਜੇ ਅਸੀਂ ਸਾਰੇ ਇਹ ਵਾਅਦਾ ਕਰੀਏ ਕਿ ਵਾਤਾਵਰਨ ਸਾਫ ਰੱਖਣ ਲਈ ਆਪਣੇ ਹਿੱਸੇ ਆਉਂਦਾ ਯੋਗਦਾਨ ਪਾਵਾਂਗੇ ਤਾਂ ਮੈਨੂੰ ਪੂਰਾ ਯਕੀਨ ਹੈ ਕਿ ਦਿੱਲੀ ਸਾਡੇ ਬੱਚਿਆਂ ਦੇ ਰਹਿਣ ਲਈ ਇੱਕ ਵਧੀਆ ਸ਼ਹਿਰ ਹੋਵੇਗਾ। |

**9** **F1** ਮਨਜੋਤ, ਤੁਹਾਨੂੰ ਬੋਲੀਆਂ ਸਿੱਖਣਾ ਕਿਸ ਤਰ੍ਹਾਂ ਲਗਦਾ ਹੈ ?

**F2** ਮੈਨੂੰ ਤਾਂ ਬੋਲੀਆਂ ਸਿੱਖਣਾ ਬਹੁਤ ਚੰਗਾ ਲਗਦਾ ਹੈ ਖਾਸ ਕਰਕੇ ਪੰਜਾਬੀ ਬਹੁਤ ਦਿਲਚਸਪ ਹੈ। ਸਾਡਾ ਅਧਿਆਪਕ ਬਹੁਤ ਹੀ ਚੰਗੇ ਤਰੀਕੇ ਨਾਲ ਕਹਾਣੀਆਂ ਸੁਣਾ ਕੇ ਪੜ੍ਹਾਉਂਦਾ ਹੈ। ਕਿਰਨ, ਤੁਸੀਂ ਸਕੂਲ ਵਿੱਚ ਕਿਹੜੀ ਬੋਲੀ ਸਿੱਖਦੇ ਹੋ ?

**F1** ਮੈਂ ਸਕੂਲ ਵਿੱਚ ਫਰੈਂਚ ਸਿੱਖਦੀ ਹਾਂ। ਸਾਡੀ ਫਰੈਂਚ ਦੀ ਅਧਿਆਪਕਾ ਨੂੰ ਪੂਰਾ ਯਕੀਨ ਹੈ ਕਿ ਮੈਂ ਲਿਖਣ ਦੇ ਇਮਤਿਹਾਨ ਵਿੱਚ ਚੰਗਾ ਗਰੇਡ ਲੈ ਲਵਾਂਗੀ। ਪਰ ਉਸ ਨੂੰ ਫਿਕਰ ਹੈ ਕਿ ਬੋਲਣ ਦੇ ਇਮਤਿਹਾਨ ਵਿੱਚ ਮੈਂ ਕਿਤੇ ਬਹੁਤੀ ਘਬਰਾ ਨਾ ਜਾਂਵਾਂ।

**Example:** **M1** ਜਲੰਧਰ ਸ਼ਹਿਰ ਦੇ ਗਰੀਬ ਲੋਕ ਇਸ ਕਾਰਨ ਬਹੁਤ ਖੁਸ਼ ਹਨ ਕਿ ਇੱਥੇ ਲੋਕਾਂ ਦੀ ਨਜ਼ਰ ਠੀਕ ਕਰਨ ਵਾਸਤੇ ਅੱਖਾਂ ਦੇ ਅਪਰੇਸ਼ਨ ਕਰਨ ਲਈ ਮੁਫਤ ਕੈਂਪ ਲਗਾਇਆ ਜਾ ਰਿਹਾ ਹੈ। ਇੰਗਲੈਂਡ ਦੀ ਇੱਕ ਚੈਰਿਟੀ ਨੇ ਇਸ ਇਲਾਕੇ ਵਿੱਚ ਲੋਕ ਭਲਾਈ ਦਾ ਕੰਮ ਸ਼ੁਰੂ ਕੀਤਾ ਹੈ।

**10** **M1** ਸਾਡੇ ਰੇਡੀਓ ਦੀ ਪੱਤਰਕਾਰ ਸਿਮਰਜੀਤ, ਜਲੰਧਰ ਵਿੱਚ ਇੱਥੇ ਦੇ ਲੋਕਾਂ ਦੀ ਆਗੂ ਮਿਸਿਜ਼ ਚੀਮਾ ਅਤੇ ਇੰਗਲੈਂਡ ਦੀ ਚੈਰਿਟੀ ਦੇ ਮੈਂਬਰ ਮਿਸਟਰ ਸਿੱਧੂ ਨਾਲ ਗੱਲਬਾਤ ਕਰ ਰਹੀ ਹੈ।

**F1** ਮਿਸਿਜ਼ ਚੀਮਾ, ਸਾਨੂੰ ਦੱਸੋ ਕਿ ਤੁਹਾਡੇ ਇਲਾਕੇ ਵਿੱਚ ਲੋਕਾਂ ਨੂੰ ਕੀ ਸਹੂਲਤਾਂ ਚਾਹੀਦੀਆਂ ਹਨ ?

**F2** ਸਭ ਤੋਂ ਪਹਿਲਾਂ ਮੈਂ ਇਸ ਚੈਰਿਟੀ ਦਾ ਧੰਨਵਾਦ ਕਰਦੀ ਹਾਂ। ਇਸ ਇਲਾਕੇ ਦੇ ਲੋਕਾਂ ਦੀ ਸਿਹਤ ਠੀਕ ਰੱਖਣ ਲਈ ਇਹ ਜ਼ਰੂਰੀ ਹੈ ਕਿ ਇੱਥੇ ਲੋਕਾਂ ਦੇ ਵਰਤਣ ਲਈ ਸਾਫ ਪਾਣੀ ਮਿਲੇ। ਦੂਜਾ ਕਦਮ ਇਹ ਹੋ ਸਕਦਾ ਹੈ ਕਿ ਘਰਾਂ ਦਾ ਗੰਦਾ ਪਾਣੀ ਬਾਹਰ ਲਿਜਾਣ ਲਈ ਨਾਲੀਆਂ ਦਾ ਉਚਿਤ ਪ੍ਰਬੰਧ ਕੀਤਾ ਜਾਵੇ।

**11** **F1** ਮਿਸਿਜ਼ ਚੀਮਾ, ਤੁਹਾਡੇ ਵਿਚਾਰ ਨਾਲ ਲੋਕਾਂ ਦੀ ਮਦਦ ਲਈ ਇਸ ਚੈਰਿਟੀ ਨੂੰ ਹੋਰ ਕੀ ਕਰਨਾ ਚਾਹੀਦਾ ਹੈ ?

**F2** ਇਸ ਇਲਾਕੇ ਦੇ ਲੋਕਾਂ ਕੋਲ ਡਾਕਟਰਾਂ ਨੂੰ ਦੇਣ ਲਈ ਪੈਸੇ ਨਹੀਂ ਹਨ ਅਤੇ ਇਸ ਕਰਕੇ ਇਹ ਦਵਾਈ ਲੈਣ ਨਹੀਂ ਜਾਂਦੇ। ਇਨ੍ਹਾਂ ਦੀ ਸਿਹਤ ਦੀ ਮੁਫਤ ਜਾਂਚ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਕੁਝ ਲੋਕ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਦੇ ਸ਼ਿਕਾਰ ਹੋ ਚੁੱਕੇ ਹਨ , ਜੇ ਉਨ੍ਹਾਂ ਲਈ ਦਵਾਈਆਂ ਦਾ ਪ੍ਰਬੰਧ ਹੋ ਜਾਵੇ ਤਾਂ ਉਹ ਆਪਣੀ ਜ਼ਿੰਦਗੀ ਦੇ ਦਿਨ ਘੱਟ ਦੁੱਖ ਭੋਗਦੇ ਹੋਏ ਬਿਤਾ ਸਕਦੇ ਹਨ।

**12** **F1** ਹੁਣ ਚੈਰਿਟੀ ਦੇ ਇੰਗਲੈਂਡ ਤੋਂ ਆਏ ਹੋਏ ਮੈਂਬਰ ਮਿਸਟਰ ਸਿੱਧੂ ਨਾਲ ਗੱਲਬਾਤ ਕਰਦੀ ਹਾਂ। ਸਿੱਧੂ ਸਾਹਿਬ, ਤੁਹਾਡੀ ਚੈਰਿਟੀ ਇਸ ਇਲਾਕੇ ਵਿੱਚ ਲੋਕ ਭਲਾਈ ਦੇ ਹੋਰ ਕੀ ਕੰਮ ਕਰ ਸਕਦੀ ਹੈ ?

**M2** ਸ਼ਹਿਰ ਦੇ ਇਸ ਇਲਾਕੇ ਦੇ ਲੋਕ ਸਫਾਈ ਦਾ ਖਿਆਲ ਨਹੀਂ ਰੱਖਦੇ। ਅਸੀਂ ਇਨ੍ਹਾਂ ਲੋਕਾਂ ਲਈ ਸਫਾਈ ਰੱਖਣ ਦੀ ਮਹੱਤਤਾ ਬਾਰੇ ਕਲਾਸਾਂ ਲਾ ਸਕਦੇ ਹਾਂ। ਦੂਜਾ ਮੈਂ ਇਹ ਦੇਖਦਾ ਹਾਂ ਕਿ ਕਿੰਨੇ ਹੀ ਛੋਟੇ ਛੋਟੇ ਬੱਚੇ ਮਜ਼ਦੂਰੀ ਕਰਦੇ ਹਨ ਅਸੀਂ ਇਨ੍ਹਾਂ ਦੀ ਸਿੱਖਿਆ ਦਾ ਪ੍ਰਬੰਧ ਕਰਕੇ ਬਾਲ-ਮਜ਼ਦੂਰੀ ਦੀ ਸਮੱਸਿਆ ਹੱਲ ਕਰਨ ਵਿੱਚ ਮਦਦ ਕਰ ਸਕਦੇ ਹਾਂ।

**13** **M1** ਇਹ ਰੇਡੀਓ ਜਲੰਧਰ ਹੈ ਅਤੇ ਅੱਜ ਅਸੀਂ ਔਨਲਾਈਨ ਅਖਬਾਰਾਂ ਦੇ ਵਿਸ਼ੇ ਤੇ ਗੱਲਬਾਤ ਕਰਾਂਗੇ। ਅੱਜ ਕੱਲ੍ਹ ਅਖਬਾਰਾਂ ਦੀ ਵਿਕਰੀ ਬਹੁਤ ਤੇਜ਼ੀ ਨਾਲ ਘਟ ਰਹੀ ਹੈ। ਤੁਹਾਡੇ ਵਿਚਾਰ ਨਾਲ ਕੀ ਪੰਜਾਬੀ ਔਨਲਾਈਨ ਅਖਬਾਰਾਂ ਇਨ੍ਹਾਂ ਦੀ ਥਾਂ ਲੈ ਰਹੀਆਂ ਹਨ ?
ਲਓ ਜੀ ਇੱਕ ਕਾਲ ਲੈਂਦੇ ਹਾਂ, ਹਾਂ ਜੀ ਤੁਸੀਂ ਕੌਣ ਬੋਲਦੇ ਹੋ ?

**F2** ਮੈਂ ਨੀਨਾ ਹਾਂ, ਤੁਸੀਂ ਹਰ ਵੇਲੇ ਘਰ ਵਿੱਚ ਕਿਸੇ ਵੀ ਕੰਪਿਊਟਰ ਜਾਂ ਮੋਬਾਇਲ ਫੋਨ ਤੇ ਔਨਲਾਈਨ ਪੰਜਾਬੀ ਅਖਬਾਰਾਂ ਪੜ੍ਹ ਸਕਦੇ ਹੋ। ਪਰ ਮੇਰੇ ਖਿਆਲ ਨਾਲ ਛੋਟੀ ਜਿਹੀ ਸਕਰੀਨ ਤੋਂ ਜ਼ਿਆਦਾ ਪੜ੍ਹਨ ਨਾਲ ਅੱਖਾਂ ਤੇ ਬਹੁਤ ਮਾੜਾ ਅਸਰ ਹੁੰਦਾ ਹੈ।

**14** **M1** ਹਾਂ ਜੀ ਸਾਡੇ ਦੂਜੇ ਕਾਲਰ, ਤਰਨਜੀਤ, ਤਰਨਜੀਤ, ਤੁਸੀਂ ਇਸ ਬਾਰੇ ਕੀ ਸੋਚਦੇ ਹੋ ?

**M2** ਮੈਂ ਤਾਂ ਇਹ ਗੱਲ ਪਸੰਦ ਕਰਦਾ ਹਾਂ ਕਿ ਪੇਪਰ ਤੇ ਛਪੀ ਅਖਬਾਰ ਵਾਂਗ ਤੁਹਾਨੂੰ ਇਨ੍ਹਾਂ ਤੇ ਪੈਸੇ ਨਹੀਂ ਖਰਚਣੇ ਪੈਂਦੇ। ਪਰ ਤੁਹਾਨੂੰ ਪਹਿਲਾਂ ਕੰਪਿਊਟਰ ਜਾਂ ਮੋਬਾਇਲ ਫੋਨ ਤੇ ਬਹੁਤ ਪੈਸੇ ਖਰਚਣੇ ਪੈਂਦੇ ਹਨ।

**15** **F1** ਪੰਜਾਬੀ ਵਿਆਹਾਂ ਦਾ ਇਹ ਮੇਲਾ ਵਿਆਹੁਣ ਵਾਲੇ ਮੁੰਡੇ ਤੇ ਕੁੜੀਆਂ ਦੀ ਸਹੂਲਤ ਲਈ ਲਗਾਇਆ ਗਿਆ ਹੈ। ਉਹ ਇੱਥੇ ਆ ਕੇ ਆਪਣੇ ਦਿਲ ਦੇ ਚਾਅ ਪੂਰੇ ਕਰਨ ਲਈ ਵਿਆਹ ਦੀ ਪਾਰਟੀ ਦਾ ਪ੍ਰਬੰਧ ਕਰਨ ਵਾਲਿਆਂ ਨੂੰ ਮਿਲ ਸਕਦੇ ਹਨ। ਇੱਥੇ ਉਹ ਵਿਆਂਦੜ ਦੇ ਕੱਪੜੇ ਅਤੇ ਪਾਰਟੀ ਤੇ ਖਾਣੇ ਬਾਰੇ ਪਤਾ ਲਗਾ ਸਕਦੇ ਹਨ।

**16** **F1** ਇਸ ਮੇਲੇ ਵਿੱਚ ਵਿਦੇਸ਼ਾਂ ਤੋਂ ਵੀ ਲੋਕ ਆਉਂਦੇ ਹਨ। ਪਹਿਲਾਂ ਇਹ ਇੱਕ ਛੋਟੇ ਜਿਹੇ ਹੋਟਲ ਵਿੱਚ ਲਾਇਆ ਜਾਂਦਾ ਸੀ ਪਰ ਹੁਣ ਸਟਾਲ ਜ਼ਿਆਦਾ ਹੋਣ ਕਾਰਨ ਅਤੇ ਮੇਲੇ ਵਿੱਚ ਆਉਣ ਵਾਲੇ ਲੋਕਾਂ ਦੀ ਗਿਣਤੀ ਵਧਣ ਕਾਰਨ ਇਹ ਸ਼ਹਿਰ ਦੇ ਸਭ ਤੋਂ ਵੱਡੇ ਮਾਹਾਰਾਜਾ ਹੋਟਲ ਵਿੱਚ ਲਾਇਆ ਜਾਂਦਾ ਹੈ।

**17** **M2** ਸਾਡਾ ਨਵਾਂ ਕੋਚ ਮਿਸਟਰ ਮਾਨ ਬਹੁਤ ਖੁਸ਼ਦਿਲ ਹੈ ਉਹ ਹਰ ਵੇਲੇ ਖੇਡਾਂ ਖੇਡਣ ਲਈ ਆਪਣੇ ਚੰਗੇ ਖਿਡਾਰੀਆਂ ਦੀਆਂ ਸਿਫਤਾਂ ਕਰਦਾ ਰਹਿੰਦਾ ਹੈ ਅਤੇ ਉਹ ਉਨ੍ਹਾਂ ਖਿਡਾਰੀਆਂ ਨਾਲ ਬਹੁਤ ਸਖਤੀ ਕਰਦਾ ਹੈ ਜਿਹੜੇ ਸੁਸਤ ਹਨ। ਪਹਿਲਾਂ ਵਾਲੇ ਕੋਚ ਤਾਂ ਜਲਦੀ ਹੀ ਕਿਸੇ ਹੋਰ ਕਲੱਬ ਵਿੱਚ ਚਲੇ ਜਾਂਦੇ ਸਨ। ਪਿਛਲੇ ਕੁਝ ਮਹੀਨਿਆਂ ਵਿੱਚ ਉਸ ਦੀ ਸਖਤ ਮਿਹਨਤ ਤੇ ਲਗਨ ਨਾਲ ਮੈਚਾਂ ਤੇ ਦਰਸ਼ਕਾਂ ਦੀ ਗਿਣਤੀ ਵਧ ਗਈ ਹੈ ਤੇ ਚੰਗੀ ਰੌਣਕ ਹੋ ਜਾਂਦੀ ਹੈ।

**18** **F1** ਪਿਛਲੇ ਸਾਲ ਮੈਂ ਆਪਣੀਆਂ ਸਹੇਲੀਆਂ ਨਾਲ ਸਰਦਾਰ ਸੋਭਾ ਸਿੰਘ ਦੀ ਆਰਟ ਗੈਲਰੀ ਵਿੱਚ ਕਲਾ ਦਾ ਮੇਲਾ ਦੇਖਣ ਗਈ। ਅਸੀਂ ਮੇਲੇ ਵਿੱਚ ਦੁਪਹਿਰ ਤੋਂ ਬਾਅਦ ਵਿੱਚ ਪਹੁੰਚੀਆਂ ਅਤੇ ਲੋਕ ਜ਼ਿਆਦਾ ਹੋਣ ਕਾਰਨ ਹਾਲ ਵਿੱਚ ਗਰਮੀ ਬਹੁਤ ਲਗਦੀ ਸੀ। ਕਲਾ ਦੇ ਪਰੇਮੀ ਮੇਲੇ ਵਿੱਚ ਸੋਭਾ ਸਿੰਘ ਜੀ ਦੀਆਂ ਬਣਾਈਆਂ ਤਸਵੀਰਾਂ ਬੜੇ ਧਿਆਨ ਨਾਲ ਦੇਖ ਰਹੇ ਸਨ । ਮੈਂ ਇਹ ਤਸਵੀਰਾਂ ਦੇਖ ਕੇ ਬਹੁਤ ਖੁਸ਼ੀ ਮਹਿਸੂਸ ਕੀਤੀ।

**19** **M1** ਮਨਜੀਤ, ਤੇਰਾ ਯੂਨੀਵਰਸਟੀ ਦੇਖਣ ਜਾਣਾ ਕਿਵੇਂ ਰਿਹਾ ?

**F1** ਅਮਨ, ਮੈਂ ਲੰਡਨ ਯੂਨੀਵਰਸਿਟੀ ਦਾ ਕਿੰਗਜ਼ ਕਾਲਜ ਦੇਖਣ ਗਈ ਸੀ। ਮੈਂ ਤਾਂ ਹੈਰਾਨ ਰਹਿ ਗਈ। ਸਾਡੇ ਸਕੂਲ ਵਿੱਚ ਤਾਂ ਅਧਿਆਪਕ ਪਿੱਛੇ ਪਏ ਰਹਿੰਦੇ ਹਨ ਕਿ ਪੜ੍ਹੋ ਤੇ ਕੰਮ ਕਰੋ। ਉੱਥੇ ਤਾਂ ਅਧਿਆਪਕ ਸਿਰਫ ਭਾਸ਼ਨ ਦਿੰਦੇ ਹਨ ਅਤੇ ਕੋਈ ਵੀ ਕਿਸੇ ਤੇ ਪੜ੍ਹਨ ਲਈ ਦਬਾਅ ਨਹੀਂ ਪਾਉਂਦਾ। ਤੁਹਾਨੂੰ ਆਪਣੀ ਪੜ੍ਹਾਈ ਦੀ ਪੂਰੀ ਜ਼ਿਮੇਵਾਰੀ ਆਪ ਲੈਣੀ ਪੈਂਦੀ ਹੈ।

| | | |
|---|---|---|
| **20** | **F1** | ਅਮਨ, ਮੇਰੇ ਲਈ ਤਾਂ ਬੜਾ ਔਖਾ ਹੋਵੇਗਾ, ਫਿਰ ਲੋਕ ਕੋਰਸ ਪਾਸ ਕਰਨ ਲਈ ਕੀ ਕਰਦੇ ਹਨ? |
| | **M1** | ਹਾਂ ਜੀ, ਮੁਸ਼ਕਲ ਤਾਂ ਹੋਵੇਗਾ ਹੀ, ਜਿੰਨਾ ਉਹ ਦੱਸਦੇ ਹਨ ਯਾਦ ਨਹੀਂ ਰਹਿ ਸਕਦਾ ਇਸ ਲਈ ਉਨ੍ਹਾਂ ਦੀਆਂ ਗੱਲਾਂ ਤੇਜ਼ੀ ਨਾਲ ਨੋਟ ਕਰਨ ਦਾ ਢੰਗ ਸਿੱਖ ਕਿਉਂਕਿ ਜੋ ਉਹ ਪੜ੍ਹਾਉਂਦੇ ਹਨ ਪਾਸ ਹੋਣ ਲਈ ਬਹੁਤ ਜ਼ਰੂਰੀ ਹੈ। ਹੁਣ ਤੋਂ ਹੀ ਘਰ ਆ ਕੇ ਪੜ੍ਹਾਈ ਕਰਨ ਦੀ ਯੋਜਨਾ ਬਣਾ ਤਾਂ ਕਿ ਪਿਛੇ ਨਾ ਰਹਿ ਜਾਵੇਂ। |

**Section B** Questions and answers in **Panjabi**

| | | |
|---|---|---|
| **21** | **M1** | ਸੁਰਜੀਤ ਇੱਕ ਬਹੁਤ ਹੀ ਗਰੀਬ ਪਰਿਵਾਰ ਦਾ ਮੁੰਡਾ ਸੀ। ਉਹ ਆਪਣੇ ਮਾਤਾ-ਪਿਤਾ ਅਤੇ ਭਰਾ ਨਾਲ ਕਰਨ ਸਿੰਘ ਦੇ ਘਰ ਦੇ ਨੇੜੇ ਰਹਿੰਦਾ ਸੀ। ਕਰਨ ਸਿੰਘ ਨੇ ਦੇਖਿਆ ਕਿ ਉਹ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਹੈ ਅਤੇ ਮਨ ਲਗਾ ਕੇ ਸਾਰਾ ਕੰਮ ਕਰਦਾ ਹੈ ਪਰ ਉਸ ਦੇ ਮਾਤਾ-ਪਿਤਾ ਉਸ ਨੂੰ ਪੜ੍ਹਾ ਨਹੀਂ ਸਕਦੇ । ਉਸ ਨੇ ਸੁਰਜੀਤ ਨੂੰ ਲੰਡਨ ਵਿੱਚ ਵਕੀਲ ਦੀ ਪੜ੍ਹਾਈ ਲਈ ਭੇਜਿਆ। ਵੱਡਾ ਹੋ ਕੇ ਸੁਰਜੀਤ ਇੱਕ ਮਸ਼ਹੂਰ ਵਕੀਲ ਬਣਿਆ। |
| **22** | **M1** | ਹੁਣ ਸੁਰਜੀਤ ਲੰਡਨ ਵਿੱਚ ਰਹਿੰਦਾ ਹੈ ਤੇ ਉਸ ਕੋਲ ਆਪਣਾ ਬਹੁਤ ਵੱਡਾ ਘਰ ਹੈ ਪਰ ਸੁਰਜੀਤ ਦੇ ਮਾਤਾ-ਪਿਤਾ ਤੇ ਭਰਾ ਪੰਜਾਬ ਵਿੱਚ ਹੀ ਹਨ। ਸੁਰਜੀਤ, ਕਰਨ ਸਿੰਘ ਅਤੇ ਉਸ ਦੀ ਪਤਨੀ ਨੂੰ ਮਾਤਾ ਪਿਤਾ ਵਾਂਗ ਹੀ ਸਮਝਦਾ ਹੈ ਅਤੇ ਉਨ੍ਹਾਂ ਦਾ ਪੂਰਾ ਖਿਆਲ ਰੱਖ ਕੇ, ਆਦਰ ਮਾਣ ਕਰਦਾ ਹੈ। ਉਹ ਜਲਦੀ ਹੀ ਆਪਣੇ ਮਾਤਾ-ਪਿਤਾ ਨੂੰ ਆਪਣੇ ਕੋਲ ਸੱਦ ਲਵੇਗਾ। |
| **23** | **M1** | ਇਹ ਰੇਡੀਓ ਸਾਊਥਹਾਲ ਹੈ ਅਤੇ ਅੱਜ ਅਸੀਂ ਆਪਣੇ ਪ੍ਰੋਗਰਾਮ ਵਿੱਚ ਪਰਿਵਾਰ ਵਿੱਚ<br><br>ਰਿਸ਼ਤੇਦਾਰਾਂ ਅਤੇ ਦੋਸਤਾਂ ਦੀ ਮਹੱਤਤਾ ਬਾਰੇ ਗੱਲਬਾਤ ਕਰਾਂਗੇ। ਮਨਿੰਦਰ ਜੀ, ਤੁਸੀਂ ਦੱਸੋ ਕਿ ਜ਼ਿੰਦਗੀ ਵਿੱਚ ਪਰਿਵਾਰ ਦੀ ਮਹੱਤਤਾ ਜ਼ਿਆਦਾ ਹੈ ਜਾਂ ਦੋਸਤਾਂ ਦੀ ? |
| | **F1** | ਪਰਿਵਾਰ ਦੇ ਜੀਅ ਜਦੋਂ ਵੀ ਲੋੜ ਹੋਵੇ ਚੰਗੀ ਸਲਾਹ ਦਿੰਦੇ ਹਨ ਅਤੇ ਤੁਹਾਡੀ ਸਹਾਇਤਾ ਕਰਦੇ ਹਨ। ਮੇਰੇ ਵਿਚਾਰ ਨਾਲ ਪਰਿਵਾਰ ਦੋਸਤਾਂ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ । ਪਰਿਵਾਰ ਦੇ ਜੀਅ ਤੁਹਾਡੇ ਨਾਲ ਹਮੇਸ਼ਾ ਆਪਣੀ ਜ਼ਿੰਦਗੀ ਦੇ ਚੰਗੇ ਤਜਰਬੇ ਸਾਂਝੇ ਕਰਦੇ ਹਨ ਤੇ ਤੁਸੀਂ ਉਨ੍ਹਾਂ ਤੋਂ ਬਹੁਤ ਕੁਝ ਸਿੱਖ ਸਕਦੇ ਹੋ। |
| **24** | **M1** | ਸਤਿੰਦਰ, ਤੁਹਾਡੇ ਇਸ ਵਿਸ਼ੇ ਬਾਰੇ ਕੀ ਵਿਚਾਰ ਹਨ? |
| | **M2** | ਆਮ ਤੌਰ ਤੇ ਦੋਸਤ ਤੁਹਾਡੀ ਉਮਰ ਦੇ ਹੁੰਦੇ ਹਨ ਅਤੇ ਮੇਰੇ ਵਿਚਾਰ ਨਾਲ ਉਹ ਤੁਹਾਨੂੰ ਪਰਿਵਾਰ ਨਾਲੋਂ ਜ਼ਿਆਦਾ ਚੰਗੀ ਤਰ੍ਹਾਂ ਸਮਝ ਸਕਦੇ ਹਨ ਕਿਉਂਕਿ ਉਨ੍ਹਾਂ ਦੇ ਵਿਚਾਰ ਤੇ ਸੋਚ ਵੀ ਤੁਹਾਡੇ ਵਰਗੀ ਹੁੰਦੀ ਹੈ। ਦੋਸਤਾਂ ਨਾਲ ਤੁਸੀ ਉਹ ਗੱਲਾਂ ਵੀ ਸਾਂਝੀਆਂ ਕਰ ਸਕਦੇ ਹੋ ਜਿਹੜੀਆਂ ਕਿਸੇ ਪਰਿਵਾਰ ਦੇ ਮੈਂਬਰ ਨਾਲ ਕਰਨ ਵਿੱਚ ਸੰਕੋਚ ਕਰਦੇ ਹੋ । |

**25** **F1** ਕਮਲ, ਤੁਸੀਂ ਜੀ. ਸੀ. ਐਸ. ਈ ਕਰਕੇ ਕੀ ਕਰਨਾ ਹੈ ?

**M1** ਮੈਨੂੰ ਤਾਂ ਅਜੇ ਜੀ. ਸੀ. ਐਸ. ਈ ਕਰਨ ਦਾ ਬਹੁਤ ਫਿਕਰ ਹੈ ਕਿਉਂਕਿ ਮੇਰਾ ਕੰਮ ਕਾਫੀ ਪਿੱਛੇ ਹੈ। ਏ ਲੈਵਲਜ਼ ਬਾਰੇ ਤਾਂ ਸੋਚਣ ਦਾ ਟਾਈਮ ਹੀ ਨਹੀਂ ਲੱਗਾ। ਜਸਮੀਨ ਤੁਸੀਂ ਕੀ ਕਰਨਾ ਹੈ ?

**F1** ਇੱਕ ਪਾਸੇ ਤਾਂ ਮੈਂ ਸਕੂਲ ਵਿੱਚ ਹੀ ਰਹਿਣਾ ਚਾਹੁੰਦੀ ਹਾਂ ਕਿਉਂਕਿ ਪੜ੍ਹਾਈ ਵਧੀਆ ਹੁੰਦੀ ਹੈ ਅਤੇ ਗਰੇਡ ਚੰਗੇ ਆਉਂਦੇ ਹਨ ਪਰ ਅਧਿਆਪਕ ਸਖਤੀ ਕਰਦੇ ਹਨ। ਦੂਜੇ ਪਾਸੇ ਮੈਂ ਚਾਹੁੰਦੀ ਹਾਂ ਕਿ ਮੈਂ ਕਾਲਜ ਚਲੀ ਜਾਵਾਂ ਕਿਉਂਕਿ ਉੱਥੇ ਮੈਨੂੰ ਆਜ਼ਾਦੀ ਮਿਲ ਸਕਦੀ ਹੈ। ਸਮਝ ਨਹੀਂ ਆਉਂਦੀ ਕਿ ਕੀ ਕਰਾਂ ?

**END OF TEST**

Copyright © 2016 AQA and its licensors. All rights reserved